# ਮੇਰੇ ਪਾਤਰ ਹਾਸ਼ੀਏ ਉੱਤੇ ਵਿਚਰਦੀ ਮਾਨਸਿਕਤਾ ਦਾ ਦੁਖਾਂਤ ਭੋਗਣ ਵਾਲੇ ਹਨ

**—ਅਜਮੇਰ ਸਿੱਧੂ**

ਜਦੋਂ ਮੈਂ 1995 ਵਿੱਚ ਕਹਾਣੀ ਲਿਖਣੀ ਸ਼ੁਰੂ ਕੀਤੀ, ਉਦੋਂ ਚੌਥੀ ਪੀੜ੍ਹੀ ਦੇ ਕਹਾਣੀਕਾਰ ਪੰਜਾਬੀ ਕਹਾਣੀ ਵਿੱਚ ਸਥਾਪਤ ਹੋਣ ਵੱਲ ਵਧ ਰਹੇ ਸਨ। ਉਸ ਸਮੇਂ ਮੇਰੇ ਸਾਹਮਣੇ ਪੂਰਵਲੀ ਕਹਾਣੀ ਅਤੇ ਸਮਕਾਲੀ ਦੌਰ ਦੀ ਕਹਾਣੀ, ਉਨ੍ਹਾਂ ਦੇ ਵਿਸ਼ਾ ਵਸਤੂ, ਭਾਸ਼ਾ, ਜੁਗਤਾਂ ਅਤੇ ਪਾਤਰ ਸਨ। ਆਲੋਚਕਾਂ ਨੇ ਚੌਥੀ ਪੀੜ੍ਹੀ ਦੀ ਕਹਾਣੀ ਨੂੰ ਨਵੀਂ ਕਹਾਣੀ ਦਾ ਨਾਂਅ ਦਿੱਤਾ ਸੀ। ਮੈਂ ਵੀ ਇਸ ਕਹਾਣੀ ਵਿੱਚ ਆਪਣੀ ਥਾਂ ਬਣਾਉਣ ਲੱਗਾ। ਮੈਂ ਜਲਦੀ ਹੀ ਉਨ੍ਹਾਂ ਕਹਾਣੀਕਾਰਾਂ ਵਿੱਚ ਸ਼ਾਮਲ ਹੋ ਗਿਆ, ਜਿਨ੍ਹਾਂ ਨਵੀਂ ਪੰਜਾਬੀ ਕਹਾਣੀ ਦੇ ਨੈਣ ਨਕਸ਼ ਉਲੀਕਣ ਵਿੱਚ ਅਹਿਮ ਰੋਲ ਨਿਭਾਇਆ।

ਮੇਰੀ 'ਥੇਹ' ਕਹਾਣੀ ਦੀ ਪਾਤਰ ਗੋਰਖਣ ਹੈ। ਇਹ ਮੇਰੇ ਸ਼ਹਿਰ ਦੀਆਂ ਸੜਕਾਂ 'ਤੇ ਨੰਗ-ਧੜੰਗ ਹੋਈ ਤੁਰੀ ਫਿਰਦੀ ਸੀ। ਇਹਨੂੰ ਸਾਡੇ ਇੱਕ ਜਥੇਦਾਰ ਨੇ ਘਰ ਦਾ ਤੋਰਾ ਤੋਰਨ ਲਈ ਨੇਪਾਲ ਤੋਂ ਮੁੱਲ ਲਿਆਂਦਾ ਸੀ। ਫੇਰ ਉਹਨੇ ਇਹਨੂੰ ਛੱਡ ਦਿੱਤਾ। ਇਹ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਪੁੱਠੇ ਕੰਮੀਂ ਲੱਗ ਗਈ। ਥੋੜ੍ਹੇ ਸਾਲਾਂ ਵਿੱਚ ਹੀ ਅੱਧ ਨੰਗੀ ਹੋ ਕੇ ਤੁਰਨ-ਫਿਰਨ ਲੱਗੀ। ਸਾਨੂੰ ਕੁਝ ਮਿੱਤਰਾਂ ਨੂੰ ਲੱਗਿਆ, ਇਹ ਏਡਜ਼ ਦੀ ਮਰੀਜ਼ ਹੋ ਗਈ ਹੈ। ਅਸੀਂ ਇਹਦਾ ਬਲੱਡ ਟੈਸਟ ਕਰਵਾਇਆ ਤਾਂ ਨਤੀਜਾ ਨੈਗੇਟਿਵ ਸੀ। ਉਨ੍ਹਾਂ ਦਿਨਾਂ ਵਿੱਚ ਹੀ ਮੇਰੇ ਪਿੰਡ ਵਿੱਚੋਂ ਲੱਗਦੇ ਚਾਚੇ ਦੀ ਧੀ ਬਾਰੇ ਖਬਰ ਸੁਣੀ ਸੀ ਕਿ ਉਹ ਤੇ ਉਹਦੀ ਬੱਚੀ ਏਡਜ਼ ਨਾਲ ਪੀੜਤ ਹਨ? ਉਹ ਕੁੜੀ ਮੇਰੀ ਜਮਾਤਣ ਸੀ। ਜਮਾਤ ਵਿੱਚ ਸੋਹਣੀਆਂ ਕੁੜੀਆਂ ਵਿੱਚੋਂ ਸੀ। ਉਹ ਮੈਨੂੰ ਭਰਾਵਾਂ ਵਾਲਾ ਤੇਹ ਕਰਦੀ ਸੀ। ਉਹ ਇੰਗਲੈਂਡ ਵਿਆਹੀ ਗਈ ਸੀ। ਸੁਣਿਆ ਸੀ ਕਿ ਉਹਦੇ ਘਰ ਵਾਲਾ ਏਡਜ਼ ਦਾ ਮਰੀਜ਼ ਸੀ। ਜਦੋਂ ਮੇਰੇ ਜਾਣੂ ਨੇ ਮੈਨੂੰ ਇਹ ਖਬਰ ਸੁਣਾਈ, ਮੈਂ ਅੱਪਸੈੱਟ ਹੋ ਗਿਆ ਸੀ। ਕਈ ਰਾਤਾਂ ਸੌਂ ਨਹੀਂ ਸੀ ਸਕਿਆ। ਉਸ ਦੇ ਡੈਡੀ ਦੀ ਜਗ੍ਹਾ ਆਪਣੇ ਆਪ ਨੂੰ ਰੱਖ ਲੈਂਦਾ, ਜਿਵੇਂ ਮੇਰਾ ਸਾਰਾ ਕੁਝ ਤਬਾਹ ਹੋ ਗਿਆ ਹੋਵੇ। ਫੇਰ ਖਬਰ ਇਹ ਮਿਲੀ ਸੀ ਕਿ ਉਹ ਏਡਜ਼ ਦੇ ਮਰੀਜ਼ ਨਹੀਂ ਸਨ। ਕਿਸੇ ਇਲਾਜਯੋਗ ਬਿਮਾਰੀ ਤੋਂ ਪੀੜਤ ਸਨ। ਮੈਨੂੰ ਸੁੱਖ ਦਾ ਸਾਹ ਆਇਆ ਸੀ, ਪਰ ਮੇਰੇ ਅੰਦਰ ਇੱਕ ਕਹਾਣੀ ਬਣ ਚੁੱਕੀ ਸੀ। ਉਸ ਕਹਾਣੀ ਲਈ ਗੋਰਖਣ ਨੂੰ ਏਡਜ਼ ਹੋਣੀ ਵੀ ਜ਼ਰੂਰੀ ਸੀ ਤੇ ਉਸ ਮਾਸੂਮ ਜਿਹੀ ਸੋਹਣੀ ਸੁਣੱਖੀ ਕੁੜੀ ਨੂੰ ਵੀ।

ਰਾਹੋਂ ਨਹਿਰ ਕਾਲੋਨੀ 'ਤੇ ਖੇਤੀਬਾੜੀ ਦੇ ਪੁਰਾਣੇ ਸੰਦ ਵੇਚਣ ਦਾ ਸਾਡਾ ਕਾਰੋਬਾਰ ਸੀ। ਸਕੂਲ ਦੇ ਦਿਨਾਂ ਵਿੱਚ ਮੈਂ ਬਹੁਤਾ ਉਨ੍ਹਾਂ ਦੁਕਾਨਾਂ 'ਤੇ ਹੀ ਰਿਹਾ ਹਾਂ। ਦੁਕਾਨਾਂ ਦੇ ਪਿੱਛੇ ਛੋਕਰਾਂ ਪਿੰਡ ਹੈ। ਇਸ ਪਿੰਡ ਵਿੱਚ ਬਹੁ-ਗਿਣਤੀ ਬਾਵਾ ਬਰਾਦਰੀ ਦੇ ਲੋਕਾਂ ਦੀ ਹੈ। ਉਦੋਂ ਇਸ ਪਿੰਡ ਦੇ ਬਜ਼ੁਰਗ ਪਿੰਡਾਂ ਵਿੱਚ ਮੰਗਣ ਜਾਂਦੇ ਹੁੰਦੇ ਸਨ। ਮੇਰੀ ਕਹਾਣੀ 'ਗੌਰਜਾਂ' ਦਾ ਮੁੱਖ ਪਾਤਰ 'ਜਗਜੀਤ ਸਿੰਘ' ਜਿਹਨੂੰ ਮੈਂ ਅੰਕਲ ਕਹਿੰਦਾ ਹੁੰਦਾ ਸੀ, ਉਹ ਦੋ ਟਰੱਕਾਂ ਦਾ ਮਾਲਕ ਸੀ। ਉਹ ਟਰੱਕ ਯੂਨੀਅਨ ਦੀ ਪੁਕਾਰ ਸੁਣ ਕੇ ਦੁਕਾਨਾਂ ਉੱਤੇ ਆ ਬਹਿੰਦਾ। ਉਹਦਾ ਪਿਓ ਹਰ ਰੋਜ਼ ਮੰਗਣ ਜਾਂਦਾ। ਉਹਦੀ ਆਪਣੇ ਪਿਓ ਨਾਲ ਬੜੀ ਨਫਰਤ ਸੀ। ਉਨ੍ਹਾਂ ਦਿਨਾਂ ਵਿੱਚ ਡੀ ਐੱਸ ਫੋਰ (ਮੌਜੂਦਾ ਬੀ ਐੱਸ ਪੀ) ਨਵੀਂ-ਨਵੀਂ ਬਣੀ ਸੀ। ਉਹ ਜਾਤੀ-ਪਾਤੀ ਭੇਦ-ਭਾਵ ਅਤੇ ਸ਼ੋਸ਼ਣ ਨੂੰ ਮੁੱਦਾ ਬਣਾ ਕੇ ਰਾਜਨੀਤੀ ਦੇ ਅਖਾੜੇ ਵਿੱਚ ਨਿੱਤਰੀ ਸੀ। ਸਾਡੇ ਇਲਾਕੇ ਵਿੱਚ ਕਮਿਊਨਿਸਟਾਂ ਦਾ ਵੀ ਮਜ਼ਬੂਤ ਅਧਾਰ ਸੀ। ਮੇਰਾ ਪਰਵਾਰ ਉਨ੍ਹਾ ਦਾ ਹਮਾਇਤੀ ਸੀ। ਮੈਂ ਇਸ ਨਿਰਣੇ 'ਤੇ ਪੁੱਜਾ ਸੀ ਕਿ ਜਾਤੀ-ਪਾਤੀ ਪ੍ਰਬੰਧ ਬੰਦੇ ਨੂੰ ਤੰਗ-ਪਰੇਸ਼ਾਨ ਕਰਦਾ ਹੈ, ਖਾਸ ਕਰ ਦਲਿਤ ਜਾਤੀਆਂ ਨੂੰ। ਉਹ ਜਾਤੀ-ਪਾਤੀ ਬੰਧਨ ਤੋਂ ਮੁਕਤ ਹੋਣਾ ਚਾਹੁੰਦੇ ਹਨ, ਪਰ ਅਖੌਤੀ ਉੱਚੀਆਂ ਜਾਤਾਂ ਵਾਲੇ ਉਨ੍ਹਾਂ ਨੂੰ ਉਸੇ ਥਾਂ ਰੱਖਣਾ ਚਾਹੁੰਦੇ ਹਨ। ਇਸੇ ਧਾਰਨਾ ਵਿੱਚੋਂ ਮੇਰਾ ਪਾਤਰ ਜਗਜੀਤ ਸਿੰਘ ਉੱਭਰਦਾ ਹੈ।

ਨਵਾਂ ਸ਼ਹਿਰ ਦੇ ਲਾਗੇ ਇੱਕ ਪਿੰਡ ਵਿੱਚ ਇੱਕ ਔਰਤ ਨੂੰ ਇਸ ਕਰਕੇ ਛੱਡ ਦਿੱਤਾ ਸੀ ਕਿ ਉਸ ਦੇ ਪੇਟੋਂ ਜੰਮਿਆ ਲੜਕਾ ਜਦੋਂ ਵੱਡਾ ਹੋਇਆ, ਉਹਦੇ ਨੈਣ-ਨਕਸ਼ ਨਾਨਕੇ ਪਿੰਡ ਦੇ ਕਿਸੇ ਬੰਦੇ ਨਾਲ ਮਿਲਦੇ ਸਨ। ਨਾਨਕੇ ਪਿੰਡ ਵਾਲੇ ਲੋਕ ਨੈਣ-ਨਕਸ਼ ਵਾਲੇ ਮੁੱਦੇ 'ਤੇ ਉਹਨੂੰ ਲਾ-ਲਾ ਕੇ ਗੱਲਾਂ ਕਰਦੇ ਰਹਿੰਦੇ। ਮੈਂ 1993 ਤੋਂ ਲੈ ਕੇ 1996 ਤੱਕ ਜਲੰਧਰ ਸ਼ਹਿਰ ਰਿਹਾ। ਉਨ੍ਹਾਂ ਦਿਨਾਂ ਵਿੱਚ ਮੈਂ ਤੇ ਮੇਰਾ ਜਮਾਤੀ ਜਰਮਨਜੀਤ ਸਿੰਘ ਮਾਡਲ ਟਾਊਨ ਲਾਗੇ ਰਹਿੰਦੇ ਸਾਂ। ਕਿਰਾਏ 'ਤੇ ਸਾਡੇ ਨਾਲ ਇੱਕ ਔਰਤ ਤੇ ਉਹਦਾ 13-14 ਸਾਲ ਦਾ ਬੇਟਾ ਰਹਿੰਦੇ ਸਨ। ਉਹ ਟੇਵੇ ਬਣਾਉਣ ਦਾ ਧੰਦਾ ਕਰਦੀ ਸੀ। ਉਸ ਤੋਂ ਉਮਰ ਵਿੱਚ 15 ਕੁ ਸਾਲ ਵੱਡਾ ਇੱਕ ਜੋਤਸ਼ੀ ਹਰ ਰੋਜ਼ ਉਸ ਕੋਲ ਆਉਂਦਾ। ਉਸ ਔਰਤ ਦਾ ਘਰਵਾਲੇ ਨਾਲ ਝਗੜਾ ਚੱਲ ਰਿਹਾ ਸੀ। ਮਾਰਕਿਟ ਵਾਲੇ ਦੁਕਾਨਦਾਰ ਉਸ ਮੁੰਡੇ ਬਾਰੇ ਕਹਿੰਦੇ ਕਿ ਇਹ ਜੋਤਸ਼ੀ ਦੀ ਔਲਾਦ ਹੈ। ਇਹਦੇ ਕਾਰਨ ਉਨ੍ਹਾਂ ਦਾ ਘਰ ਉੱਜੜਿਆ ਹੋਇਆ। ਜਦੋਂ ਮੈਂ 'ਨਸੂਰ' ਅਤੇ 'ਪਿੱਠ ਭੂਮੀ' ਕਹਾਣੀਆਂ ਦੇ ਪਾਤਰ 'ਸ਼ਿਵ' ਅਤੇ ਉਸ ਦੀ ਮਾਂ 'ਰੂਪ' ਘੜੇ ਤਾਂ ਉਹ ਦੋਵੇਂ ਮੁੰਡੇ ਅਤੇ ਉਹ ਟੇਵੇ ਬਣਾਉਣ ਵਾਲੀ ਔਰਤ ਮੇਰੇ ਸਾਹਮਣੇ ਸਨ।

ਮੈਂ ਲੰਮਾ ਸਮਾਂ ਕੂਕਾ ਪਰਵਾਰ ਵਿੱਚ ਰਿਹਾ ਹਾਂ। ਇਸ ਪਰਵਾਰ ਵਿੱਚ ਰਹਿ ਕੇ ਹੀ ਮੈਂ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਹੈ। ਨਾਮਧਾਰੀਆਂ ਵਿੱਚ ਇੱਕ ਰਿਵਾਜ ਹੈ, ਜਦੋਂ ਕਿਸੇ ਦੀ ਮੌਤ ਹੋ ਜਾਂਦੀ, ਉਹ ਗੀਤ ਗਾਉਂਦੇ, ਸੰਗੀਤ ਵਜਾਉਂਦੇ, ਉਹਦਾ ਸਸਕਾਰ

ਕਰਨ ਜਾਂਦੇ। ਸਾਡੇ ਇਸ ਘਰ ਦੀ ਮਾਂ ਸੁਰਜੀਤ ਕੌਰ ਪਿੰਡ ਦੇ ਬਜ਼ੁਰਗ ਕੂਕੇ ਬਾਰੇ ਦੱਸਦੀ ਕਿ ਜਦੋਂ ਉਹਦਾ ਜਿੰਦਰ ਮੁੱਕਿਆ, ਉਦੋਂ ਗਾਣਾ ਵਜਾਉਣਾ ਤਾਂ ਕੀ, ਉਸ ਬਜ਼ੁਰਗ ਤੋਂ ਲਾਸ਼ ਤੋਂ ਉਠ ਨਹੀਂ ਸੀ ਹੋਇਆ। ਉਸ ਭਾਈ ਨੂੰ ਹੀ ਮੈਂ 'ਨਚੀਕੇਤਾ ਦੀ ਮੌਤ' ਕਹਾਣੀ ਲਈ ਗਿਆਨੀ ਕੇਵਲ ਸਿੰਘ ਵਜੋਂ ਚਿਤਰਿਆ।

ਜਦੋਂ ਮੈਂ ਵਿਦਿਆਰਥੀ ਸੀ, ਮੇਰੀ ਆੜੀ ਮਾਸਟਰ ਮਹਿੰਦਰ ਸਿੰਘ ਨਾਲ ਹੁੰਦੀ ਸੀ। ਉਹਦੀ ਕੁਲੀਗ ਦੇ ਚਾਰ ਕੁੜੀਆਂ ਸਨ। ਉਸ ਨੇ ਮੁੰਡਾ ਗੋਦ ਲਿਆ ਸੀ, ਪਰ ਉਹਦਾ ਦਿਖਾਵਾ ਇੰਞ ਕੀਤਾ ਸੀ, ਜਿਵੇਂ ਉਹਦੇ ਪੇਟੋਂ ਪੈਦਾ ਹੋਇਆ ਹੋਵੇ। ਉਸ ਔਰਤ ਨੇ ਕੱਪੜੇ ਦੇ ਕੇ ਆਪਣਾ ਪੇਟ ਵੀ ਵਧਾਇਆ ਸੀ ਤੇ ਮੈਟਰਨਿਟੀ ਲੀਵ ਵੀ ਲਈ ਸੀ। ਪਰ ਉਹਦੀਆਂ ਕੁੜੀਆਂ ਨੂੰ ਮੁੰਡਾ ਪੈਦਾ ਹੋਣ ਦੇ ਰਹੱਸ ਦਾ ਪਤਾ ਲੱਗ ਗਿਆ ਸੀ। ਇਸ ਦੇ ਬਾਵਜੂਦ ਕੁੜੀਆਂ ਨੇ ਪ੍ਰਮਾਤਮਾ ਦਾ ਸ਼ੁਕਰ ਮਨਾਇਆ ਸੀ। ਕਈ ਸਾਲਾਂ ਬਾਅਦ ਚੰਡੀਗੜ੍ਹ ਇੱਕ ਘਟਨਾ ਵਾਪਰੀ ਸੀ। ਇੱਕ ਜੋੜੇ ਦੇ ਚਾਰ ਧੀਆਂ ਪਿੱਛੋਂ ਪੁੱਤਰ ਨੇ ਜਨਮ ਲਿਆ ਸੀ। ਉਹ ਚਾਰੇ ਕੁੜੀਆਂ ਰੋਸ ਵਜੋਂ ਆਤਮ-ਹੱਤਿਆ ਕਰ ਗਈਆਂ ਸਨ। ਮੈਂ 'ਅੰਬਰ ਵੱਲ ਉੱਠੇ ਹੱਥ' ਕਹਾਣੀ ਲਿਖਣ ਲੱਗਿਆਂ ਨਕਲੀ ਪੇਟ ਵਧਾਉਣ ਵਾਲੀ ਮੈਡਮ ਨੂੰ ਹੀ ਨੀਲਮ ਨਾਰਦ ਬਣਾਇਆ ਸੀ। ਉਹਦੀਆਂ ਬੀਬੀਆਂ ਧੀਆਂ ਰੀਤੂ, ਨਵਰੀਤ, ਰਾਜੂ ਤੇ ਮਾਸ਼ੂ ਨੂੰ ਚੰਡੀਗੜ੍ਹ ਵਾਲੀ ਘਟਨਾ ਦੀ ਪਾਣ ਚਾੜ੍ਹ ਦਿੱਤੀ ਸੀ। ਮਤਲਬ ਉਹ ਕਹਾਣੀ ਵਿੱਚ ਆਤਮ-ਹੱਤਿਆ ਕਰ ਲੈਂਦੀਆਂ ਹਨ।

ਮੈਨੂੰ ਇੱਕ ਗੱਲ ਸਮਝ ਨਹੀਂ ਲੱਗੀ ਕਿ ਮੇਰੇ ਅੰਦਰ ਸੰਤਾਲੀ ਦੇ ਵੱਢ-ਵਢਾਂਗੇ ਦਾ ਦਰਦ ਕਿਉਂ ਹੈ? ਮੇਰੇ ਦਾਦੇ ਹੁਰੀਂ ਜ਼ਰੂਰ ਪਾਕਿਸਤਾਨ ਵਾਲੇ ਪੰਜਾਬ ਤੋਂ ਉੱਜੜ ਕੇ ਆਏ ਸਨ। ਦੂਜਾ ਵੱਡਾ ਕਾਰਨ ਪੰਜਾਬ ਦੇ ਕਾਲੇ ਦਿਨਾਂ ਵਿੱਚ ਹੀ ਮੇਰਾ ਬਚਪਨ ਬੀਤਣਾ ਅਤੇ ਜਵਾਨ ਹੋਣਾ ਹੈ। ਪੰਜਾਬ ਸਮੱਸਿਆ ਦੇ ਦਰਦ ਨੇ ਮੈਨੂੰ ਸੰਤਾਲੀ ਨਾਲ ਜੋੜਿਆ ਹੋਇਆ ਹੈ। ਮੈਂ 'ਨਵਾਂ ਜ਼ਮਾਨਾ' ਅਖ਼ਬਾਰ ਲਈ 'ਇਤਿਹਾਸ ਦੀਆਂ ਪੈੜਾਂ' ਕਾਲਮ ਵਿੱਚ ਪਿੰਡਾਂ ਦਾ ਇਤਿਹਾਸ ਲਿਖਦਾ-ਲਿਖਦਾ ਸੰਤਾਲੀ ਦੀਆਂ ਪੀੜਾਂ ਵੀ ਲਿਖਦਾ ਰਿਹਾ ਹਾਂ। ਇਧਰ ਰਹਿ ਗਈਆਂ ਜਾਂ ਜ਼ਬਰਦਸਤੀ ਰੱਖ ਲਈਆਂ ਗਈਆਂ ਮੁਸਲਮਾਨ ਔਰਤਾਂ ਦੀਆਂ ਮੁਲਾਕਾਤਾਂ ਵੀ ਕਰਦਾ ਰਿਹਾ ਹਾਂ। ਇਨ੍ਹਾਂ ਪੀੜਾਂ ਅਤੇ ਮੁਲਾਕਾਤਾਂ ਵਿੱਚੋਂ ਹੀ 'ਨੋ ਮੈਨਜ਼ ਲੈਂਡ' ਦੇ ਪਾਤਰ ਫਰਜ਼ਾਨਾ, ਜੋਬਨਜੀਤ, ਜਰਮਨਜੀਤ, 'ਇਕਬਾਲ ਹੁਸੈਨ ਮੋਇਆ ਨਹੀਂ' ਦੀ ਪਾਤਰ ਜਮੀਲਾ ਉਰਫ ਪ੍ਰੀਤਮ ਕੌਰ ਤੇ 'ਡੱਬੀ' ਕਹਾਣੀ ਦੇ ਪਾਤਰ ਰਿਆਜ਼ ਅਹਿਮਦ ਅਤੇ ਨਿਰਮਲਾ ਜਨਮ ਲੈਂਦੇ ਹਨ। ਵਾਹਗਾ ਸਰਹੱਦ 'ਤੇ ਆਉਣ ਵਾਲੀ ਪਾਤਰ ਫਰਜ਼ਾਨਾ ਕਾਲਪਨਿਕ ਪਾਤਰ ਹੈ, ਜਦਕਿ ਮੇਰੀ ਸਭ ਤੋਂ ਸਟਰੌਂਗ ਪਾਤਰ ਜਮੀਲਾ ਉਰਫ਼ ਪ੍ਰੀਤਮ ਕੌਰ ਕਈ ਮੁਸਲਮਾਨ ਔਰਤਾਂ ਦਾ ਮਿਸ਼ਰਣ ਹੈ। 'ਸਿੰਬਲੀ' ਵਾਲੀ ਅਫਜ਼ਲ ਤੌਸੀਫ, ਸਹਾਬਪੁਰ, ਭੀਣ, ਮਜਾਰਾ, ਮਹਿੰਦਪੁਰ, ਦੌਲਤਪੁਰ ਅਤੇ ਲੰਗੜੋਏ ਵਾਲੀਆਂ ਉਧਾਲੀਆਂ ਔਰਤਾਂ ਇਸ ਪਾਤਰ ਨੂੰ ਘੜਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਮੇਰੇ ਕੋਲ ਹੱਲਿਆਂ ਬਾਰੇ ਬਹੁਤ ਕਹਾਣੀਆਂ ਅਤੇ ਪਾਤਰ ਹਨ। ਸ਼ਾਇਦ ਕਿਤੇ ਲਿਖਾਂਗਾ।

ਮੇਰੇ ਇੱਕ ਦੋਸਤ ਦੇ ਪਿਤਾ ਜੋ ਸਰਕਾਰੀ ਡਾਕਟਰ ਸਨ, ਦਾ ਕਤਲ ਹੋ ਗਿਆ ਸੀ। ਮੇਰੇ ਦੋਸਤ ਅਤੇ ਉਸ ਦੀ ਮਾਂ ਨੇ ਬਕਾਏ ਲੈਣ ਅਤੇ ਪਰਿਓਰਟੀ ਬੇਸ 'ਤੇ ਮਿਲਦੀ ਨੌਕਰੀ ਲੈਣ ਲਈ ਕਈ ਸਾਲ ਨੱਠ-ਭੱਜ ਕੀਤੀ। ਉਨ੍ਹਾਂ ਨੂੰ ਸਫਲਤਾ ਤਾਂ ਕੀ ਮਿਲਣੀ ਸੀ, ਸਗੋਂ ਮੇਰਾ ਦੋਸਤ ਦਿਮਾਗੀ ਸੰਤੁਲਨ ਗੁਆ ਬੈਠਾ ਸੀ। ਉਨ੍ਹਾਂ ਦਿਨਾਂ ਵਿੱਚ ਮੈਂ 'ਨਵਾਂ ਜ਼ਮਾਨਾ' ਵਿੱਚ ਇਤਿਹਾਸਕ ਪਾਤਰਾਂ ਬਾਰੇ ਵੀ ਲਿਖ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਹੀ ਮੈਂ ਡਾ. ਗੰਡਾ ਸਿੰਘ ਦੀ ਬੰਦਾ ਸਿੰਘ ਬਹਾਦਰ ਬਾਰੇ ਪੁਸਤਕ ਵੀ ਪੜ੍ਹੀ ਸੀ। ਇਸ ਸਾਰੇ ਵਿੱਚੋਂ ਹੀ 'ਦੀ ਸੋਅਰਡ ਆਫ ਬੰਦਾ ਸਿੰਘ ਬਹਾਦਰ' ਦਾ ਪਾਤਰ 'ਰਾਜਵੀਰ ਸਿੰਘ' ਅਤੇ ਹੋਰ ਪਾਤਰਾਂ ਨੇ ਜਨਮ ਲਿਆ ਸੀ।

ਮੈਂ ਕਮਿਊਨਿਸਟ ਇਤਿਹਾਸ, ਸਿਧਾਂਤ ਅਤੇ ਰਾਜਨੀਤੀ ਦਾ ਵਿਦਿਆਰਥੀ ਨਹੀਂ ਰਿਹਾ, ਪਰ ਕਮਿਊਨਿਸਟਾਂ ਦੀਆਂ ਸਾਡੇ ਘਰਾਂ ਅਤੇ ਇਲਾਕੇ ਅੰਦਰ ਡੂੰਘੀਆਂ ਜੜ੍ਹਾਂ ਹਨ। ਇਨਕਲਾਬ ਪਸੰਦਾਂ ਦੀ ਮਾਂ ਬਾਬਾ ਬੂਝਾ ਸਿੰਘ ਵਰਗੇ ਗ਼ਦਰੀ ਅਤੇ ਕਮਿਊਨਿਸਟ ਮੇਰੇ ਪਿੰਡਾਂ ਵੱਲ ਦੇ ਹਨ। ਉਨ੍ਹਾਂ ਨੂੰ ਵੇਖਣ ਅਤੇ ਜਾਨਣ ਦਾ ਮੈਨੂੰ ਮੌਕਾ ਨਹੀਂ ਮਿਲਿਆ। ਮੈਂ ਬਾਬਾ ਜੀ ਦੇ ਸ਼ਾਗਿਰਦ ਦਰਸ਼ਨ ਦੁਸਾਂਝ ਨੂੰ ਜ਼ਰੂਰ ਮਿਲਦਾ ਰਿਹਾ ਹਾਂ। ਉਹ ਬਾਬਾ ਜੀ ਵਾਂਗ ਕੁਰਬਾਨੀ ਵਾਲਾ ਸ਼ਖਸ ਸੀ। ਭਾਈ ਮਤੀਦਾਸ ਵਾਂਗ ਪੁਲਸ ਨੇ ਉਸ ਦਾ ਵੀ ਬੰਦ-ਬੰਦ ਕੱਟਿਆ ਸੀ। ਨਕਸਲੀ ਲਹਿਰ ਵਿੱਚ ਸਭ ਤੋਂ ਵੱਧ ਪੁਲਸੀ ਕਹਿਰ ਉਸ ਉੱਤੇ ਹੋਇਆ ਸੀ। 'ਦਿੱਲੀ ਦੇ ਕਿੰਗਰੇ' ਵਾਲਾ ਜੋਧਾ ਉਹ ਹੀ ਹੈ। ਨਾ ਪੁਲਸ ਜਬਰ ਕਰਕੇ ਉਸ ਤੋਂ ਲਹਿਰ ਦਾ ਭੇਤ ਲੈ ਸਕੀ ਅਤੇ ਨਾ ਹੀ ਵਿਗਿਆਨ ਦੀ ਕਾਢ ਰਾਹੀਂ ਲਿਆ ਜਾ ਸਕਿਆ। ਯੋਧਾ ਤੇ ਉਹਦੀ ਲਹਿਰ ਦੇ ਕਾਰਕੁਨ ਦਿੱਲੀ ਦੇ ਕਿੰਗਰੇ ਨਹੀਂ ਢਾਹ ਸਕੇ। ਸਟੇਟ ਨੇ ਉਨ੍ਹਾਂ ਨੂੰ ਹੀ ਨਿਗਲ ਲਿਆ, ਸਗੋਂ ਕਈਆਂ ਵਿੱਚ ਤਾਂ ਵਿਗਾੜ ਵੀ ਆ ਗਏ। 'ਖੂਹ ਗਿੜਦਾ ਹੈ' ਦਾ ਪ੍ਰੋ. ਰਣਜੋਧ ਸਿੰਘ ਇਨ੍ਹਾਂ ਵਿਗਾੜਾਂ ਦਾ ਹੀ ਰੂਪ ਹੈ। ਉਹ ਆਪਣੇ ਸ਼ਹਿਜ਼ਾਦੇ ਯੁੱਧਵੀਰ ਸਿੰਘ ਰਾਹੀਂ ਵੱਡੀਆਂ ਮੱਲਾਂ ਮਾਰਨੀਆਂ ਚਾਹੁੰਦਾ ਹੈ। ਉਸ ਨੂੰ ਅਮੀਰਜ਼ਾਦਿਆਂ ਵਾਲੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਉਂਦਾ ਹੈ, ਪਰ ਯੁੱਧਵੀਰ ਸਿੰਘ ਵਿਸ਼ਵੀਕਰਨ ਦੀ ਮਾਰ ਹੇਠ ਆਇਆ ਨਸ਼ਿਆਂ ਦੇ ਸਿਖਰ 'ਤੇ ਹੀ ਨਹੀਂ ਪਹੁੰਚਦਾ, ਸਗੋਂ ਉਹ ਰਿਸ਼ਤਿਆਂ ਨੂੰ ਤੋੜਦਾ ਹੋਇਆ ਅਤੇ ਸਮਾਜ ਦੀਆਂ ਸਭ ਮਾਨਤਾਵਾਂ ਰੱਦ ਕਰਦਾ ਹੋਇਆ ਆਪਣੇ ਹੀ ਮਾਂ-ਬਾਪ ਦਾ ਕਤਲ ਕਰਨ ਤੱਕ ਪਹੁੰਚ ਜਾਂਦਾ ਹੈ।

ਮੇਰੀਆਂ ਕਹਾਣੀਆਂ ਵਿੱਚ ਮੇਰਾ ਭਰਾ ਸਤਨਾਮ ਸਿੰਘ ਅਕਸਰ ਆ ਜਾਂਦਾ ਹੈ। ਪੜ੍ਹਾਈ ਦੌਰਾਨ ਉਹ ਪੰਜਾਬ ਸਟੂਡੈਂਟ ਯੂਨੀਅਨ ਦਾ ਵਰਕਰ ਸੀ। ਮੇਰੇ ਮਾਮੇ ਪੁਲਸ ਅਫਸਰ ਸਨ। ਮੇਰੇ ਪਿਤਾ ਜੀ ਨੇ ਉਨ੍ਹਾਂ ਨਾਲ ਖਹਿਬੜ ਕੇ ਉਸ ਨੂੰ ਪੁਲਸ ਵਿੱਚ ਭਰਤੀ ਕਰਵਾ ਦਿੱਤਾ ਸੀ। ਉਹਦੇ ਅੰਦਰਲੇ ਬੰਦਿਆਂ ਵਾਲੇ ਕਣ ਨੇ ਉਹਨੂੰ ਸਸਪੈਂਡ ਕਰਵਾ ਦਿੱਤਾ। ਉਸ ਨੇ ਕਿਸੇ ਖਾਲਿਸਤਾਨੀ ਦੇ ਝੂਠੇ ਪੁਲਸ ਮੁਕਾਬਲੇ ਵਿੱਚ ਹਿਸਾ ਨਹੀਂ ਸੀ ਲਿਆ। ਫੇਰ ਉਹ ਪਿਤਾ ਜੀ ਦੇ ਖੇਤੀ ਦੇ ਸੰਦਾਂ ਦੇ ਵਪਾਰ ਵਿੱਚ ਲੱਗ ਗਿਆ, ਪਰ ਉਹ ਪੁਲਸ ਤੰਤਰ ਤੋਂ ਅੱਕਿਆ ਸ਼ਰਾਬ ਦੀ ਲੱਤ ਲਾ ਚੁੱਕਾ ਸੀ। ਸ਼ਰਾਬ ਤਾਂ ਉਹਨੇ 15 ਕੁ ਸਾਲਾਂ ਵਿੱਚ ਐਨੀ ਪੀ ਲਈ ਕਿ ਲੱਖਾਂ ਦਾ ਵਪਾਰ ਬਿਲੇ ਲਾ

ਦਿੱਤਾ। ਘਰ ਨੂੰ ਕੱਖਾਂ ਦਾ ਹੀ ਨਹੀਂ ਬਣਾਇਆ ਸਗੋ ਕਰਜ਼ੇ ਵਿੱਚ ਡੁਬੋ ਦਿੱਤਾ। ਫੇਰ ਉਹ ਆਤਮ-ਹੱਤਿਆ ਕਰ ਗਿਆ। ਛੇ ਫੁੱਟ ਤੋਂ ਉੱਚਾ ਕੱਦ, ਗੁਲਾਬੀ ਪੱਗ ਵਾਲਾ ਤੇ ਰੋਹਬ ਵਾਲਾ ਨੌਜਵਾਨ ਸੀ। ਮੈਂ ਤੇ ਮੇਰੀਆਂ ਦੋਵੇਂ ਭੈਣਾਂ ਉਸ ਤੋਂ ਬੜੇ ਤ੍ਰਹਿੰਦੇ ਸਾਂ। ਉਹ ਅਣਖੀ ਬੜਾ ਸੀ ? 'ਸ਼ਾਇਦ ਰੰਮੀ ਮੰਨ ਜਾਏ' ਵਿਚਲਾ ਸੱਤਾ ਉਹ ਹੀ ਹੈ, ਜਿਹੜਾ ਸ਼ਹੀਦ ਸੁਖਦੇਵ ਸਿੰਘ ਦਾ ਮਰੀਦ ਹੈ। ਪਿੰਡ ਦੇ ਸਮਾਗਮ ਵਿੱਚ ਵਿਰੋਧੀਆਂ ਹੱਥੋਂ ਮਾਰਿਆ ਜਾਂਦਾ ਹੈ। ਮੇਰੀ ਇਹ ਕਹਾਣੀ ਵਿਆਹ ਸ਼ਾਦੀਆਂ 'ਤੇ ਡਾਂਸ ਕਰਨ ਵਾਲੀਆਂ ਅਤੇ ਧੰਦਾ ਕਰਨ ਵਾਲੀਆਂ ਕੁੜੀਆਂ ਉੱਤੇ ਹੈ।

ਮੈਂ ਨਵਾਂ ਸ਼ਹਿਰ ਕੈਨੇਡਾ ਵਾਲਿਆਂ ਦੀ ਕੋਠੀ ਵਿੱਚ ਕਈ ਸਾਲ ਕਿਰਾਏ 'ਤੇ ਰਹਿੰਦਾ ਰਿਹਾ ਹਾਂ। ਉਸ ਕੋਠੀ ਦਾ ਮੁਖਤਿਆਰ ਇੱਕ ਮਿਊਜ਼ੀਕਲ ਗਰੁੱਪ ਚਲਾਉਂਦਾ ਸੀ। ਰਾਤ ਦਾ ਪ੍ਰੋਗਰਾਮ ਕਰਕੇ ਡਾਂਸਰ ਕੁੜੀਆਂ ਅਤੇ ਮੁੰਡੇ ਅੱਧੀ ਰਾਤ ਨੂੰ ਉਸ ਕੋਠੀ ਵਿੱਚ ਆ ਜਾਂਦੇ ਸਨ। ਚਾਰ-ਪੰਜ ਸਾਲ ਮੈਂ ਉਨ੍ਹਾਂ ਕਲਾਕਾਰਾਂ ਦੇ ਰੰਗ-ਢੰਗ ਦੇਖਦਾ ਰਿਹਾ। ਅਨੇਕਾਂ ਕੁੜੀਆਂ ਨਾਲ ਵਾਹ ਪਿਆ। ਉਨ੍ਹਾਂ ਵਿੱਚੋਂ ਹੀ 'ਸ਼ਾਇਦ ਰੰਮੀ ਮੰਨ ਜਾਏ' ਦੀ ਕੋਈ ਲੱਭੂ ਤੇ ਰੱਜੂ ਹੋਏਗੀ ਜਾਂ ਕਿੰਨੀਆਂ ਸਾਰੀਆਂ ਦਾ ਮਿਲ- ਗੋਭਾ। ਰੰਮੀ ਤਾਂ ਮੇਰਾ ਆਪਣਾ ਰੂਪ ਹੈ। ਮੇਰੇ ਇੱਕ ਸ਼ਾਇਰ ਦੋਸਤ ਦੇ ਗੁਆਂਢ ਵਿੱਚ ਦੋ ਭੈਣਾਂ ਡਾਂਸਰ ਸਨ। ਉਨ੍ਹਾਂ ਦੀ ਰਹਿਣੀ-ਬਹਿਣੀ, ਖਾਣਾ-ਪੀਣਾ ਅਤੇ ਕੋਠੀ ਦੇਖ ਕੇ ਮੁਹੱਲੇ ਦੀ ਇੱਕ ਹੋਰ ਔਰਤ ਵੀ ਆਪਣੀ ਕੁੜੀ ਨੂੰ ਉਸ ਡਾਂਸ ਗਰੁੱਪ ਵਿੱਚ ਸ਼ਾਮਲ ਕਰਦੀ ਹੈ। ਇਹ ਮੇਰੀ ਪਾਤਰ ਤਾਰੋ ਹੈ, ਜਿਹੜੀ ਆਪਣੀ ਧੀ ਰੰਮੀ ਨੂੰ ਇਸ ਕਿੱਤੇ ਵਿੱਚ ਪਾਉਣਾ ਚਾਹੁੰਦੀ ਹੈ। ਮੈਂ ਨਵੀਂ ਤਾਰੋ ਪੈਦਾ ਕਰਦਾ ਹਾਂ। ਉਹ ਕਹਾਣੀ ਦੇ ਅੰਤ 'ਤੇ ਆਪਣੀ ਧੀ ਨੂੰ ਧੰਦੇ ਵਿਚ ਲਾਉਣ ਤੋਂ ਇਨਕਾਰੀ ਹੋ ਜਾਂਦੀ ਹੈ। ਮੈਂ ਆਪਣੇ ਭਰਾ ਦੇ ਪ੍ਰਭਾਵ ਥੱਲੇ ਹੀ ਇਸ ਪਾਤਰ ਦੀ ਉਸਾਰੀ ਕਰਦਾ ਹਾਂ। ਉਨ੍ਹਾਂ ਦਿਨਾਂ ਵਿੱਚ ਹੀ ਮੇਰੇ ਭਰਾ ਨੇ ਛੱਪੜ ਵਿੱਚ ਡੁੱਬ ਕੇ ਆਤਮ-ਹੱਤਿਆ ਕੀਤੀ ਸੀ। ਜਦੋਂ ਮੈਂ ਛੱਪੜ ਕੋਲੋਂ ਲੰਘਦਾ, ਉਹ ਮੇਰੇ ਸਾਹਮਣੇ ਖੜ੍ਹਾ ਹੋ ਜਾਂਦਾ। ਉਹਦਾ ਲੜਾਕੂ ਹੋਣਾ, ਅਣਖੀ ਹੋਣਾ....ਸਭ ਕੁਝ ਪ੍ਰਗਟ ਹੋ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਹੀ ਮੈਂ ਇਸ ਕਹਾਣੀ ਦੀ ਬੁਣਤੀ ਬੁਣ ਰਿਹਾ ਸੀ। ਜਦੋਂ ਤਾਰੋ ਧੀ ਨੂੰ ਗਰੁੱਪ ਵਿੱਚ ਸ਼ਾਮਲ ਕਰਵਾਉਣ ਲਈ ਉਸ ਨੂੰ ਕੰਗਣੀ ਵਾਲਾ ਗਲਾਸ ਫੜਾਉਣ ਜਾਂਦੀ, ਮੈਨੂੰ ਲੱਗਦਾ ਜਿਵੇਂ ਭਰਾ ਕਹਿ ਰਿਹਾ ਹੈ :

'ਸਾਲਿਓ, ਜੇ ਭੁੱਖੇ ਮਰਦੇ ਆਂ। ਧੀਆਂ-ਭੈਣਾਂ ਨੂੰ ਧੰਦੇ ਕਰਨ ਲਾਣਾ।' ਭਰਾ ਸ਼ਰਾਬ ਵਿੱਚ ਐਨਾ ਗਰਕ ਗਿਆ ਸੀ ਕਿ ਉਹ ਵਿਆਹ ਕਰਵਾਉਣਾ ਵੀ ਭੁੱਲ ਗਿਆ ਸੀ। ਇੱਕ ਸਟੇਜ 'ਤੇ ਆ ਕੇ ਉਹਦਾ ਵਿਆਹ ਹੋਣੋਂ ਰਹਿ ਗਿਆ ਸੀ। ਉਹ ਬੰਦਾ ਜਿਹੜਾ ਕਦੇ ਰੱਬ ਨੂੰ ਵੀ ਨਹੀਂ ਮੰਨਦਾ ਸੀ, ਚੇਲਿਆਂ ਅਤੇ ਤਾਂਤਰਿਕਾਂ ਨੂੰ ਗਾਲ਼ਾਂ ਕੱਢਦਾ ਹੁੰਦਾ ਸੀ, ਉਹ ਰੱਜ ਕੇ ਸ਼ਰਾਬ ਪੀ ਕੇ ਆਉਂਦਾ। ਘਰ ਆ ਕੇ ਚੀਕਾਂ ਮਾਰਨ ਲੱਗ ਪੈਂਦਾ।

" ਓ ਆ ਗਈ। ਫੜ ਲਓ ਇਹਨੂੰ। ਡੇਲੇ ਕੱਢ ਕੇ ਡਰਾਉਂਦੀ ਪਈ ਐ।" ਮੇਰੇ ਪਿਤਾ ਜੀ ਵੀ ਏਹੀ ਸਮਝਣ ਲੱਗ ਪਏ ਸੀ ਕਿ ਇਹਨੂੰ ਕਿਸੇ ਨੇ ਕੁਝ ਖਿਲਾ ਦਿੱਤਾ ਹੈ। ਉਹ ਪਾਠ ਕਰਨ ਲੱਗ ਪੈਂਦੇ, ਕਈ ਤਰ੍ਹਾਂ ਦੇ ਓਹੜ-ਪੋਹੜ ਵੀ ਕਰਦੇ ਤਾਂ ਕਿ ਉਹਦਾ ਚੁੜੇਲਾਂ ਤੋਂ ਖਹਿੜਾ ਛੁੱਟ ਜਾਏ। 'ਬੰਦ ਦਰਵਾਜ਼ਾ' ਕਹਾਣੀ ਦਾ ਮੁੱਖ ਪਾਤਰ ਮੇਰਾ ਇਹ ਭਰਾ ਹੀ ਹੈ, ਜਿਹਨੂੰ ਮੈਂ ਕਹਾਣੀ ਦੀ ਲੋੜ ਮੁਤਾਬਕ ਬਲਾਤਕਾਰੀ ਬਣਾ ਦਿੰਦਾ ਹਾਂ। ਉਦੋਂ ਮੈਂ ਇਹ ਕਹਾਣੀ ਉਹਦੇ ਨਾਲ ਹੋਈ ਨਫ਼ਰਤ ਵਿੱਚੋਂ ਲਿਖੀ ਸੀ। ਉਹਦੀ ਮੌਤ ਪਿੱਛੋਂ ਮੈਂ ਸੱਤੇ ਦੇ ਰੂਪ ਵਿੱਚ ਉਸ ਨੂੰ ਸ਼ਰਧਾਂਜਲੀ ਦਿੱਤੀ ਸੀ, ਕਿਉਂਕਿ ਉਸ ਨੇ ਮੈਨੂੰ ਵੀ ਬਹੁਤ ਕੁਝ ਦਿੱਤਾ ਹੋਇਆ ਹੈ।

ਮੈਂ ਕਈ ਕਹਾਣੀਕਾਰਾਂ ਵਾਂਗ ਕਹਾਣੀਆਂ ਵਿੱਚ ਆਤਮ ਕਥਾ ਨਹੀਂ ਲਿਖੀ। ਸਿਰਫ਼ 'ਹੈਲੋ ਡੌਂਗ' ਕਹਾਣੀ ਮੇਰੇ ਨਿੱਜ ਬਾਰੇ ਹੈ। ਇਹ ਮੁਜ਼ਾਰੇ ਪਰਵਾਰ ਦੇ ਨੌਜਵਾਨ ਦੀ ਕਹਾਣੀ ਹੈ। ਮੈਂ ਜ਼ਿੰਦਗੀ ਦਾ ਬਹੁਤਾ ਸਮਾਂ ਇਕੱਲਾ ਹੀ ਰਿਹਾ ਹਾਂ। ਉਨ੍ਹਾਂ ਦਿਨਾਂ ਵਿੱਚ ਮੈਂ ਆਪਣੇ ਦੋਸਤ ਤੇ ਜਮਾਤੀ ਦੀਆਂ ਰਿਸ਼ਤੇਦਾਰ ਔਰਤਾਂ ਨਾਲ ਰਹਿ ਰਿਹਾ ਸੀ। ਉਸ ਘਰ ਵਿੱਚ ਮਰਦ ਮੈਂਬਰ ਕੋਈ ਨਹੀਂ ਸੀ। ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ 'ਤੇ ਸੀ। ਮੈਂ ਉਹ ਜ਼ੁੰਮੇਵਾਰੀਆਂ ਨਿਭਾਈਆਂ ਵੀ, ਪਰ ਮੇਰੇ ਪੱਲੇ ਜੋ ਪਿਆ। ਇਹ ਉਸ ਕਹਾਣੀ ਵਿੱਚ ਡਿਪਟੀ ਉਰਫ ਜਸਦੀਪ ਰਾਹੀਂ ਆਉਂਦਾ ਹੈ। ਰਿਸ਼ਤੇ ਬਿੰਦ ਪਲਾਂ ਵਿੱਚ ਕਿਵੇਂ ਬਦਲ ਜਾਂਦੇ ਹਨ। ਇਹ ਉਸ ਸਮੇਂ ਹੀ ਮਹਿਸੂਸ ਹੋਇਆ ਸੀ। ਮੈਂ ਜਗਤਾਰ ਕੌਰ, ਰਮਿੰਦਰ ਕੌਰ ਤੇ ਗੋਪੀ ਹੁਰਾਂ ਨੂੰ ਆਪਣੇ ਬਣਾ ਕੇ, ਆਪਣਾ ਸਾਰਾ ਕੁਝ ਉਨ੍ਹਾਂ ਦੇ ਲੇਖੇ ਲਾ ਦਿੱਤਾ ਸੀ, ਪਰ ਮੇਰੇ ਪੱਲੇ ਨਿਰਾਸ਼ਾ ਅਤੇ ਬਿਮਾਰੀਆਂ ਹੀ ਪਈਆਂ ਸਨ। ਉਸ ਘਰ ਦਾ ਕੁੱਤਾ ਅੰਤਮ ਸਮੇਂ ਤੱਕ ਮੈਨੂੰ ਆਪਣਾ ਸਮਝਦਾ ਰਿਹਾ। ਇਸੇ ਕਾਰਨ ਕਹਾਣੀ ਵਿੱਚ ਮੈਨੂੰ ਵੱਧ ਮੋਹ ਕਾਲੂ, ਭੂਰਾ ਤੇ ਸ਼ੇਰੂ ਵਰਗੇ ਦਰਵੇਸ਼ਾਂ ਨਾਲ ਹੈ। ਜਿਹੜੇ ਮਨੁੱਖ ਨੂੰ ਵਫਾਦਾਰ ਹੋਣ ਦਾ ਸੁਨੇਹਾ ਦਿੰਦੇ ਹਨ।

ਬਾਕੀ ਕਹਾਣੀਆਂ ਵਿੱਚ ਮੈਂ ਸਿੱਧਾ ਸ਼ਾਮਲ ਨਹੀਂ ਹੋਇਆ। ਮਾਸਟਰ ਧਰਮਪਾਲ (ਗੌਰਜਾਂ), ਬਾਜ਼ੀਗਰਾਂ ਦਾ ਕੈਲਾ (ਨਚੀਕੇਤਾ ਦੀ ਮੌਤ), ਗੁਰਿੰਦਰ ਸਿੰਘ (ਅੰਬਰ ਵੱਲ ਉੱਠੇ ਹੱਥ), ਜੋਬਨਜੀਤ (ਨੋ ਮੈਨਜ਼ ਲੈਂਡ), ਡਾਕਟਰ (ਦੀ ਸੋਅਰਡ ਆਫ ਬੰਦਾ ਸਿੰਘ ਬਹਾਦਰ), ਜਮੀਲਾ (ਇਕਬਾਲ ਹੁਸੈਨ ਮੋਇਆ ਨਹੀਂ), ਝੋਲੇ ਵਾਲਾ ਕਾਮਰੇਡ (ਖੂਹ ਗਿੜਦਾ ਹੈ), ਡਿਪਟੀ ਉਰਫ ਜਸਦੀਪ (ਹੈਲੋ ਡੌਂਗ), ਭਵਨਦੀਪ ਸਿੰਘ (ਡਾਇਨਾਸੌਰ), ਰੂਪਾਲੀ (ਇਸ ਵਾਰ ਨਹੀਂ), ਰਿਸ਼ੀ (ਹਾਸ਼ੀਏ ਦੇ ਅੰਦਰ-ਬਾਹਰ), ਰੰਮੀ (ਸ਼ਾਇਦ ਰੰਮੀ ਮੰਨ ਜਾਏ), ਇੰਦਰਪ੍ਰੀਤ (ਈਵਾਨ ਇਲੀਚ ਦੀ ਦੂਜੀ ਮੌਤ) ਆਦਿ ਪਾਤਰ ਮੇਰੇ ਕਲੋਨ ਨਹੀਂ ਹਨ, ਪਰ ਇਨ੍ਹਾਂ ਵਿੱਚ ਮੇਰਾ ਕੋਈ ਨਾ ਕੋਈ ਰੂਪ ਪਿਆ ਹੈ। ਹੋ ਸਕਦਾ ਇਨ੍ਹਾਂ ਰਾਹੀਂ ਮੈਂ ਪਾਠਕ ਨੂੰ ਸੰਬੋਧਨ ਹੋਇਆ ਹੋਵਾਂ।

ਮੈਂ ਤਰਕਸ਼ੀਲ ਵਿਚਾਰਾਂ ਦਾ ਵੀ ਹਾਂ। ਮੈਂ ਗਿਆਨ-ਵਿਗਿਆਨ ਦੇ ਪ੍ਰਚਾਰ ਅਤੇ ਪਾਸਾਰ ਲਈ ਜਥੇਬੰਦਕ ਤੌਰ 'ਤੇ ਸਰਗਰਮ ਰਿਹਾ ਹਾਂ। 'ਬੰਦ ਦਰਵਾਜ਼ਾ', 'ਬਾਰ ਵੇਲੇ ਦਾ ਸਕੂਟਰ', 'ਹਾਸ਼ੀਏ ਦੇ ਅੰਦਰ-ਬਾਹਰ' ਅਤੇ 'ਜਹਾਜ਼ ਵਾਲੀ ਟੈਂਕੀ' ਦਾ ਕੁਝ ਹਿੱਸਾ ਮੇਰੇ ਇਨ੍ਹਾਂ ਵਿਚਾਰਾਂ ਵਿੱਚੋਂ ਵੀ ਪੈਦਾ ਹੋਇਆ ਹੈ। ਇਨ੍ਹਾਂ ਕ੍ਰਮਵਾਰ ਕਹਾਣੀਆਂ ਦੇ ਪਾਤਰ ਭਰਾ, ਮਲਵਿੰਦਰ ਸਿੰਘ ਸੈਂਭੀ, ਸਾਧਵੀ ਉਤਰਾ,

ਬਖਸ਼ਿੰਦਰ ਕੌਰ ਅਤੇ ਦਲਵਿੰਦਰ ਸਿੰਘ ਡਰ, ਵਹਿਮ-ਭਰਮ, ਕਰਮ-ਕਾਂਡਾਂ, ਘਰੇਲੂ ਦਹਿਸ਼ਤ, ਮਨੌਤਾਂ ਅਤੇ ਡੇਰਾ ਕਲਚਰ ਦੇ ਸ਼ਿਕਾਰ ਹਨ। ਮੇਰੇ ਸੰਪਰਕ ਵਿੱਚ ਇੱਕ ਕੇਸ ਆਇਆ ਸੀ। ਵਕੀਲ ਮਲਵਿੰਦਰ ਸਿੰਘ ਸੈਂਭੀ ਆਪਨੀ ਰੋਹਬਦਾਰ ਪਤਨੀ ਦੇ ਹੱਥੋਂ ਇਸ ਕਦਰ ਨਪੀੜਿਆ ਜਾਂਦਾ ਹੈ ਕਿ ਉਹ ਮਾਨਸਿਕ ਰੋਗੀ ਹੋ ਗਿਆ ਸੀ। ਮੈਂ ਕਹਿਣਾ ਚਾਹੁੰਦਾ ਸੀ ਕਿ ਜ਼ਿੰਦਗੀ ਦੀ ਗੱਡੀ ਇੱਕ-ਦੂਜੇ ਦੇ ਮਾਣ-ਸਤਿਕਾਰ ਨਾਲ ਹੀ ਚਲਾਈ ਜਾ ਸਕਦੀ ਹੈ। ਜਦੋਂ ਇੱਕ ਜੀਅ ਦੂਜੇ ਨੂੰ ਠਿੱਬੀ ਲਾਉਂਦਾ ਹੈ, ਜ਼ਿੰਦਗੀ ਵਿੱਚ ਖੱਲਲ ਪੈਂਦਾ ਹੈ। ਨਹੀਂ ਤਾਂ ਬੰਦਾ 'ਬਾਰ ਵੇਲੇ ਦਾ ਸਕੂਟਰ' ਜਿਹਾ ਮਲਵਿੰਦਰ ਸਿੰਘ ਸੈਂਭੀ ਵਰਗਾ ਬਣ ਕੇ ਰਹਿ ਜਾਂਦਾ ਹੈ।

ਸਾਡੀਆਂ ਦੁਕਾਨਾਂ ਦੇ ਲਾਗੇ ਹਿੰਦੂਆਂ ਦਾ ਇੱਕ ਡੇਰਾ ਸੀ। ਉਨ੍ਹਾਂ ਸਾਡੇ ਕੋਲੋਂ ਕਣਕ ਕੁਤਰਨ ਵਾਲੀ ਮਸ਼ੀਨ ਅਤੇ ਹਲ ਖਰੀਦੇ ਸਨ। ਉਨ੍ਹਾਂ ਨਾਲ ਇਸ ਹੋਈ ਵਾਕਫੀ ਵਿੱਚੋਂ ਮੈਂ ਡੇਰੇ ਜਾਣ ਲੱਗ ਪਿਆ ਸੀ। ਉਸ ਡੇਰੇ ਉੱਤੇ 'ਹਾਸ਼ੀਏ ਦੇ ਅੰਦਰ-ਬਾਹਰ' ਦੀ ਪਾਤਰ ਸਾਧਵੀ ਉਤਰਾ ਚੜ੍ਹਾਈ ਹੋਈ ਸੀ। ਮੈਂ ਸਕੂਲ ਦੀ ਪੜ੍ਹਾਈ ਦੌਰਾਨ ਅਕਸਰ ਉਹਨੂੰ ਮਿਲਦਾ ਰਿਹਾ। ਉਹ ਉੱਥੇ ਡੇਰੇ ਵਿਚ ਕਦੇ ਖੁਸ਼ ਨਜ਼ਰ ਆਉਂਦੀ ਅਤੇ ਕਦੇ ਬੇਚੈਨ ਹੋਈ ਦਿਖਦੀ। ਮੇਰੇ ਪਿੱਛੇ ਪੜ੍ਹਦੀ ਇੱਕ ਮੈਡੀਕਲ ਦੀ ਸਟੂਡੈਂਟ ਸਾਧਵੀ ਹੋ ਗਈ ਸੀ। ਫੇਰ ਉਹ ਅੱਕ ਥੱਕ ਗਈ। ਡੇਰਾ ਤਿਆਗ ਕੇ ਘਰ ਬਹਿ ਗਈ। ਮੇਰੀ ਕਲਪਨਾ ਕਹਿੰਦੀ ਸੀ ਕਿ ਸਾਧਵੀ ਉਤਰਾ ਵੀ ਅੱਕੇ ਥੱਕੇਗੀ।

ਜੇ ਮੈਂ ਸੰਤਾਲੀ ਦੇ ਦੰਗਾ-ਫਸਾਦਾਂ ਦਾ ਵਿਰੋਧੀ ਹਾਂ। ਮੈਂ ਢਿੱਡੋਂ ਚੌਰਾਸੀ ਦੇ ਸਿੱਖ ਕਤਲੇਆਮ ਨੂੰ ਵੀ ਮਨੁੱਖਤਾ ਦਾ ਘਾਣ ਸਮਝਦਾ ਹਾਂ। ਹਰਿਮੰਦਰ ਸਾਹਿਬ ਉੱਤੇ ਹਮਲੇ ਨੂੰ ਵੀ ਨਿੰਦਦਾ ਹਾਂ। ਪੰਜਾਬ ਦੇ ਕਾਲੇ ਦਿਨਾਂ ਦੀ ਪੀੜ ਵੀ ਮੇਰੇ ਅੰਦਰ ਹੈ। ਉਨ੍ਹਾਂ ਦਿਨਾਂ ਵਿੱਚ ਜਿਨ੍ਹਾਂ ਦੇ ਹਿੰਦੂ ਜਾਂ ਕਮਿਊਨਿਸਟ ਹੋਣ ਕਾਰਨ ਕਤਲ ਕਰ ਦਿੱਤੇ ਗਏ, ਉਹ ਵੀ ਮੇਰੇ ਲਈ ਅਸਹਿ ਹੈ। ਹਿੰਦੂ ਫਿਰਕਾਪ੍ਰਸਤੀ ਅਤੇ ਦਹਿਸ਼ਤ ਨੂੰ ਮੈਂ ਦੇਸ਼ ਲਈ ਸਭ ਤੋਂ ਮਾਰੂ ਸਮਝਦਾ ਹਾਂ। ਇਸ ਵਿਚਾਰ ਵਿੱਚੋਂ ਹੀ 'ਡਾਇਨਾਸੌਰ' ਕਹਾਣੀ ਦੇ ਪਾਤਰ ਜਨਮ ਲੈਂਦੇ ਹਨ। ਮੰਤਰੀ ਘਣਸ਼ਿਆਮ ਜੋਸ਼ੀ, ਸੀਰੀਅਲ ਨਿਰਦੇਸ਼ਕ ਐੱਸ ਕੇ ਦੱਤਾ, ਹਿੰਦੂਵਾਦੀ ਰਾਜਸੀ ਤਾਕਤ, ਜਥੇਬੰਦੀਆਂ ਅਤੇ ਸੱਭਿਆਚਾਰ ਦੇ ਚਿੰਨ੍ਹ ਹਨ। ਜਿਹੜੇ ਵਿਗਿਆਨ ਅਤੇ ਲੋਕਾਈ ਦੇ ਦਰਦ ਵਿੱਚ ਆਸਥਾ ਰੱਖਣ ਵਾਲੇ ਵਿਗਿਆਨੀ ਪ੍ਰੋ. ਯਸ਼ਪਾਲ ਸ਼ਰਮਾ, ਸਕਰਿਪਟ ਲੇਖਕ ਭਵਨਦੀਪ ਸਿੰਘ, ਨਾਟਕਕਾਰ ਹਰਤੇਸ਼ ਚੌਧਰੀ ਅਤੇ ਰੰਗਕਰਮਨ ਸ਼ਬਾਨਾ ਵਰਗਿਆਂ ਨੂੰ ਡਾਇਨਾਸੌਰ ਬਣ ਕੇ ਨਿਗਲ ਜਾਂਦੇ ਹਨ। ਫਿਰਕਾਪ੍ਰਸਤੀ ਦਾ ਦੈਂਤ ਵਿਗਿਆਨ ਦੀ ਥਾਂ ਹਿੰਦੂ ਸ਼ਾਵਨਵਾਦ ਦਾ ਹਨੇਰਾ ਫੈਲਾਅ ਰਿਹਾ ਹੈ।

ਮੇਰੀਆਂ ਕਹਾਣੀਆਂ ਦਾ ਇੱਕ ਹੋਰ ਉੱਘੜਵਾਂ ਪਾਸਾਰ ਔਰਤ ਪਾਤਰਾਂ ਦੀ ਮਨੋਦਸ਼ਾ ਬਿਆਨ ਕਰਨਾ ਹੈ। ਔਰਤ ਦੇ ਦਰਦ ਵਾਲੀਆਂ ਮੇਰੀਆਂ ਕਹਾਣੀਆਂ ਜ਼ਿਆਦਾ ਸਮਰੱਥਾ ਵਾਲੀਆਂ ਹਨ। ਮੇਰੀਆਂ ਜ਼ਿਆਦਾਤਰ ਕਹਾਣੀਆਂ ਅੰਦਰ ਔਰਤਾਂ ਭਾਰੂ ਰਹਿੰਦੀਆਂ ਹਨ। ਮੈਂ ਘਰ, ਸਮਾਜ ਅਤੇ ਦੇਸ਼ ਅੰਦਰ ਉਨ੍ਹਾਂ ਦੀ ਸਥਿਤੀ ਅਤੇ ਪੀੜਾ ਨੂੰ ਪੇਸ਼ ਕਰਦਾ ਹਾਂ। 'ਇਸ ਵਾਰ ਨਹੀਂ...' ਤਿੰਨ ਪੀੜ੍ਹੀਆਂ ਦੀ ਕਹਾਣੀ ਹੈ। ਇਸ ਕਹਾਣੀ ਦੇ ਕੇਂਦਰ ਵਿੱਚ ਔਰਤ ਦੀ ਪੀੜਾ ਹੈ। ਪਹਿਲੀ ਪੀੜ੍ਹੀ ਦੀ ਕਰਤਾਰ ਕੌਰ ਦੋ ਪੀੜ੍ਹੀਆਂ ਤੱਕ ਦੱਬੀ ਰਹਿੰਦੀ ਹੈ। ਤੀਜੀ ਪੀੜ੍ਹੀ ਦੀ ਆਪਣੀ ਪੋਤੀ ਰੂਪਾਲੀ ਰਾਹੀਂ ਆਪਣੀ ਬਗਾਵਤ ਖਾਰਜ ਕਰਦੀ ਹੈ। ਗੋਰਖਣ ਅਤੇ ਜਸਪਿੰਦਰ (ਗੌਰਜਾਂ), ਰੂਪ (ਨਸੂਰ, ਪਿੱਠ ਭੂਮੀ), ਰੀਤੂ, ਨਵਰੀਤ, ਰਾਜੂ, ਮਾਝੂ ਤੇ ਮਨਜਿੰਦਰ ਕੌਰ (ਅੰਬਰ ਵੱਲ ਉੱਠੇ ਹੱਥ), ਫ਼ਰਜ਼ਾਨਾ (ਨੋ ਮੈਨਜ਼ ਲੈਂਡ), ਜਮੀਲਾ ਅਤੇ ਸੁਲਤਾਨਾ (ਇਕਬਾਲ ਹੁਸੈਨ ਮੋਇਆ ਨਹੀਂ), ਨਿਰਮਲਾ (ਡੱਬੀ) ਅਤੇ ਤਾਰੋ (ਸ਼ਾਇਦ ਰੰਮੀ ਮੰਨ ਜਾਏ) ਆਦਿ ਪਾਤਰ ਨਪੀੜੀ ਜਾ ਰਹੀ ਔਰਤ ਦੀ ਦਸ਼ਾ ਬਿਆਨ ਕਰਦੇ ਹਨ। ਇਹ ਸਾਰੀਆਂ ਔਰਤਾਂ ਮੇਰੇ ਆਪਣੇ ਘੇਰੇ ਦੀਆਂ ਹਨ। ਮੈਂ ਔਰਤਾਂ ਨੂੰ ਮੋਮ ਦਾ ਨੱਕ ਹੀ ਬਣਾ ਕੇ ਨਹੀਂ ਪੇਸ਼ ਕਰਦਾ, ਜਿਸ ਨੂੰ ਕਿਧਰੇ ਵੀ ਮੋੜਿਆ ਜਾ ਸਕਦਾ ਹੈ। ਮੇਰਾ ਘੇਰਾ ਲੜਾਕੂ ਧਿਰਾਂ ਵਾਲਾ ਵੀ ਹੈ। ਮੈਂ ਉੱਥੋਂ ਪਾਤਰ ਲੈ ਕੇ ਉਨ੍ਹਾਂ ਨੂੰ ਆਪਣੇ ਪਾਤਰਾਂ ਵਿੱਚ ਪਾਉਂਦਾ ਹਾਂ। ਜਮੀਲਾ ਉਰਫ ਪ੍ਰੀਤਮ ਕੌਰ (ਇਕਬਾਲ ਹੁਸੈਨ ਮੋਇਆ ਨਹੀਂ), ਸ਼ਬਾਨਾ (ਡਾਇਨਾਸੌਰ), ਰੂਪਾਲੀ (ਇਸ ਵਾਰ ਨਹੀਂ), ਸਾਧਵੀ ਉਤਰਾ (ਹਾਸ਼ੀਏ ਦੇ ਅੰਦਰ-ਬਾਹਰ), ਰੰਮੀ, ਚੇਤਨਾ (ਸ਼ਾਇਦ ਰੰਮੀ ਮੰਨ ਜਾਏ) ਅਤੇ ਇੰਦਰਪ੍ਰੀਤ (ਈਵਾਨ ਇਲੀਚ ਦੀ ਦੂਜੀ ਮੌਤ) ਆਦਿ ਪਾਤਰ ਹਾਸ਼ੀਏ 'ਤੇ ਵਿਚਰਨ ਦਾ ਸੰਤਾਪ ਭੋਗਦੇ ਹੋਏ ਵੀ ਬਾਗੀ ਸੁਰ ਰੱਖਦੇ ਹਨ। ਜੇ ਇਹ ਪਾਤਰ ਲੋਹੇ ਦਾ ਇਸਪਾਤ ਦਾ ਰੂਪ ਨਹੀਂ ਧਾਰਦੇ ਤਾਂ ਡਿੱਗਦੇ ਵੀ ਨਹੀਂ ਹਨ। ਖੜ੍ਹਦੇ ਹਨ, ਲੜਦੇ ਹਨ। ਕੋਈ ਨਾ ਕੋਈ ਵਿਚਾਰ ਦੇ ਕੇ ਜਾਂਦੇ ਹਨ।

ਮੈਂ ਦੁਆਬੇ ਦਾ ਜੰਮਪਲ ਹਾਂ। ਸਾਡੇ ਜਿੱਥੇ ਵਿਦੇਸ਼ ਜਾਣ ਲਈ ਜੰਮਦੇ ਬੱਚੇ ਦਾ ਵੀ ਪਾਸਪੋਰਟ ਬਣ ਜਾਂਦਾ ਹੈ। ਮੈਂ ਖੁਦ ਵੀ ਅਮਰੀਕਾ ਜਾ ਆਇਆ ਹਾਂ। ਮੇਰੀਆਂ ਰਿਸ਼ਤੇਦਾਰੀਆਂ, ਮਿੱਤਰ, ਦੋਸਤ, ਆਂਢ-ਗੁਆਂਢ ਅਤੇ ਜਮਾਤੀ ਵੱਡੀ ਗਿਣਤੀ ਵਿੱਚ ਵਿਦੇਸ਼ ਟਿਕੇ ਹੋਏ ਹਨ। ਮੇਰੇ ਕੋਲ ਉਨ੍ਹਾਂ ਦੇ ਜੀਵਨ ਦਾ ਚੋਖਾ ਗਿਆਨ ਹੈ। ਕਰਨੈਲ ਸਿੰਘ, ਮੱਖਣ ਸਿੰਘ, ਜਸਪਿੰਦਰ (ਥੇਹ), ਸੁਰਜੀਤ, ਮੀਤਾ (ਗੌਰਜਾਂ), ਭਰਾ (ਬੰਦ ਦਰਵਾਜ਼ਾ), ਜਸਦੀਪ, ਸਾਰਾ (ਹੈਲੋ ਡੌਗ) ਅਤੇ ਹਰਸੇਵ ਸਿੰਘ ਪੂਨੀ (ਈਵਾਨ ਇਲੀਚ ਦੀ ਦੂਜੀ ਮੌਤ) ਆਦਿ ਪਾਤਰ ਵਿਦੇਸ਼ ਬਾਰੇ ਬਾਤਾਂ ਪਾਉਂਦੇ ਹਨ। ਮਾਲਵੇ ਦੇ ਖਿੱਤੇ ਵਿੱਚ ਖੇਤੀ ਦੇ ਸਾਮਰਾਜੀ ਮਾਡਲ ਕਾਰਨ ਬਹੁਤ ਸਾਰੇ ਕਿਸਾਨ ਆਤਮ-ਹੱਤਿਆ ਕਰ ਗਏ। ਇਹ ਸਾਹਿਤ ਅਤੇ ਮੀਡੀਏ ਵਿੱਚ ਲਗਾਤਾਰ ਆ ਰਿਹਾ ਹੈ। ਦੁਆਬੇ ਦਾ ਰੁਜ਼ਗਾਰ ਵਿਦੇਸ਼ ਵਿੱਚ ਹੈ। ਦੁਆਬੇ ਦੀਆਂ ਕੋਠੀਆਂ, ਗੱਡੀਆਂ ਅਤੇ ਗਹਿਣਿਆਂ ਦੀ ਚਕਾਚੌਂਧ ਦਾ ਪੱਖ ਤਾਂ ਮੀਡੀਏ ਅਤੇ ਸਾਹਿਤ ਵਿੱਚ ਉਨ੍ਹਾਂ ਲੋਕਾਂ ਦਾ ਉੱਭਰ ਗਿਆ, ਜਿਹੜੇ ਵਿਦੇਸ਼ਾਂ ਵਿੱਚ ਸੈਟਲ ਹੋ ਗਏ ਹਨ, ਪਰ ਜਿਨ੍ਹਾਂ ਵਿਦੇਸ਼ ਜਾਣ ਦੀ ਦੌੜ ਵਿਚ ਘਰ ਉਜਾੜ ਲਏ ਜਾਂ ਆਤਮ-ਹੱਤਿਆਵਾਂ ਕਰ ਗਏ, ਇਹ ਪੱਖ ਸਾਹਮਣੇ ਨਹੀਂ ਆਇਆ। ਦੁਆਬੇ ਦੇ ਜ਼ਿਆਦਾਤਰ ਦਲਿਤ ਅਰਬ ਦੇਸ਼ਾਂ ਵਿੱਚ ਹਨ, ਜਦਕਿ ਜ਼ਿਆਦਾਤਰ ਜੱਟ ਕਿਸਾਨੀ ਯੂਰਪੀ ਦੇਸ਼ਾਂ ਵਿੱਚ ਹੈ। ਵਿਦੇਸ਼ ਕਾਰਨ ਦਲਿਤਾਂ ਵਿੱਚ ਵੀ ਮੌਤਾਂ ਹੋਈਆਂ ਹਨ। 'ਜਹਾਜ਼ ਵਾਲੀ ਟੈਂਕੀ' ਕਹਾਣੀ ਵਿੱਚ ਮੈਂ ਪ੍ਰਵਾਸੀ ਜੀਵਨ ਦੀ ਇੱਛਾ ਰੱਖਦੇ ਭੱਜੀ ਉਸ ਦੇ ਭਰਾਵਾਂ, ਦਲਜਿੰਦਰ ਸਿੰਘ ਉਸ ਦੇ ਭਰਾਵਾਂ ਅਤੇ ਬਖਸ਼ਿੰਦਰ ਕੌਰ ਦੀ ਆਰਥਿਕ, ਮਾਨਸਿਕ ਨਮੋਸ਼ੀ ਦਿਖਾਈ ਹੈ, ਜਿਹੜੇ ਵਿਦੇਸ਼ ਜਾਣ ਲਈ ਲੁੱਟ-ਪੁੱਟ ਅਤੇ ਤਬਾਹ ਹੋ ਜਾਂਦੇ ਹਨ, ਪਰ ਵਿਦੇਸ਼ ਜਾਣ

ਦੀ ਲਲ੍ਹਕ ਤੋਂ ਪਿੱਛੇ ਨਹੀਂ ਹਟਦੇ। ਇਸ ਕਹਾਣੀ ਦੇ ਪਾਤਰ ਦਲਜਿੰਦਰ ਸਿੰਘ ਅਤੇ ਭੱਜੀ ਦਮਿਤ ਚੇਤਨਾ ਵਾਲੇ ਹਨ। ਭੱਜੀ ਵਰਗੇ ਪਾਤਰ ਤਾਂ ਦੁਆਬੇ ਦੇ ਹਰ ਪਿੰਡ ਵਿੱਚੋਂ ਮਿਲ ਜਾਣਗੇ। ਦਲਜਿੰਦਰ ਸਿੰਘ ਮੇਰੇ ਦੋਸਤ ਭਰਾ ਰਣਜੀਤ ਸਿੰਘ ਦਾ ਸਾਲਾ ਸੀ। ਉਸ ਨੇ ਆਪਣੀਆਂ ਦੋਵੇਂ ਬੇਟੀਆਂ, ਪਤਨੀ ਸਮੇਤ ਜ਼ਹਿਰ ਪੀ ਲਈ ਸੀ। ਉਸ ਦੀ ਪਤਨੀ ਬਚ ਗਈ ਸੀ। ਮੈਂ ਕਹਾਣੀ ਵਿੱਚ ਸਿਰਫ ਦਲਜਿੰਦਰ ਨੂੰ ਆਤਮ-ਹੱਤਿਆ ਕਰਦਾ ਵਿਖਾਉਂਦਾ ਹਾਂ। ਮੈਨੂੰ ਲੱਗਾ ਸੀ ਮੇਰੀ ਪਾਤਰ ਬਖਸ਼ਿੰਦਰ ਕੌਰ ਨਾ ਆਪ ਮਰ ਸਕਦੀ ਹੈ ਤੇ ਨਾ ਧੀਆਂ ਨੂੰ ਮਾਰ ਸਕਦੀ ਹੈ।

ਬਦਲਦੇ ਸਮਾਜ ਦੀਆਂ ਬਦਲਦੀਆਂ ਸਮੱਸਿਆਵਾਂ ਨਾਲ ਮੇਰੀ ਕਹਾਣੀ ਨਿਰੰਤਰ ਵਰ ਮੇਚਦੀ ਹੈ। ਇਹ ਸਾਮਰਾਜ ਦੀ ਚੜ੍ਹਤ ਦਾ ਯੁੱਗ ਹੈ। ਪੰਜਾਬੀ ਸਮਾਜ ਵੀ ਇਸ ਤੋਂ ਅਭਿੱਜ ਨਹੀਂ ਹੈ। ਵਿਸ਼ਵੀਕਰਨ ਨੇ ਸਾਰੀ ਦੁਨੀਆ ਵਿੱਚ ਆਪਾ-ਧਾਪੀ ਪੈਦਾ ਕੀਤੀ ਹੋਈ ਹੈ। ਬਹੁਤ ਸਾਰੀਆਂ ਬਿਮਾਰੀਆਂ, ਸੈਕਸ ਦੀ ਖੁੱਲ੍ਹ ਖੇਡ, ਨਸ਼ੇ, ਚਿੰਤਾ, ਖੋਖਲਾਪਣ, ਅਮੀਰ ਹੋਣ ਦੀ ਲਾਲਸਾ ਅਤੇ ਨੰਗੇਜ਼ਵਾਦੀ ਸੱਭਿਆਚਾਰ ਸਭ ਇਸੇ ਦੀ ਦੇਣ ਹਨ। ਮਾਪੇ ਬੱਚਿਆਂ ਨੂੰ ਪ੍ਰੋਡਕਟ ਬਣਾ ਰਹੇ ਹਨ ਅਤੇ ਮਾਰਕਿਟ ਵਿੱਚ ਉਨ੍ਹਾਂ ਨੂੰ ਲਾਂਚ ਕਰ ਰਹੇ ਹਨ। ਇਸ ਸਾਰੇ ਸਿਸਟਮ ਨੂੰ ਦਰਸਾਉਂਦੀਆਂ ਮੇਰੀਆਂ ਦੋ ਕਹਾਣੀਆਂ 'ਖੂਹ ਗਿੜਦਾ ਹੈ' ਅਤੇ 'ਈਵਾਨ ਇਲੀਚ ਦੀ ਦੂਜੀ ਮੌਤ' ਹਨ। 'ਖੂਹ ਗਿੜਦਾ ਹੈ' ਦੇ ਯੁੱਧਵੀਰ ਸਿੰਘ ਸ਼ੇਰਗਿੱਲ, ਏ ਪੀ ਸਿੰਘ, ਰੱਜਤ ਸ਼ਰਮਾ, ਕਬੀਰ ਠਾਕੁਰ, ਭਾਵਨਾ, ਜੀਨੀ ਅਤੇ 'ਈਵਾਨ ਇਲੀਚ ਦੀ ਦੂਜੀ ਮੌਤ' ਦੇ ਪਾਤਰ ਹਰਸੇਵ ਸਿੰਘ ਪੂਨੀ, ਅਰਬਾਜ਼ ਅਤੇ ਜਾਰਜ ਸੈਕਸ ਦੀ ਖੁੱਲ੍ਹ ਖੇਡ ਅਤੇ ਨਸ਼ਿਆਂ ਵਿੱਚ ਮਸਤ ਆਪਣੀ ਕਿਸਮ ਦੀ ਹੋਣੀ ਭੋਗਦੇ ਹਨ। ਹਰਸੇਵ ਸਿੰਘ ਮੇਰਾ ਦੋਸਤ ਸੀ। ਉਹ ਮਰਚੈਂਟ ਨੇਵੀ ਦਾ ਅਫਸਰ ਸੀ। ਸਮੁੰਦਰੀ ਨੌਕਰੀ ਤੋਂ ਉਹ ਏਡਜ਼ ਦੀ ਨਾਮੁਰਾਦ ਬਿਮਾਰੀ ਲੈ ਆਇਆ ਤੇ ਮੁੱਕ ਗਿਆ। ਕਹਾਣੀ ਲਿਖਣ ਵੇਲੇ ਮੈਂ ਹਰਸੇਵ ਦੀ ਥਾਂ ਉਨ੍ਹਾਂ ਮੁੰਡਿਆਂ ਨੂੰ ਮੋਹਰੇ ਰੱਖਿਆ, ਜਿਹੜੇ ਮੱਧ ਵਰਗੀ ਪਰਵਾਰਾਂ ਦੇ ਹਨ। ਉੱਚ ਡਿਗਰੀਆਂ ਲੈ ਕੇ ਲੱਖਾਂ ਦੇ ਪੈਕਜਾਂ 'ਤੇ ਨੌਕਰੀਆਂ ਕਰ ਰਹੇ ਹਨ। ਜਿਸ ਤਰ੍ਹਾਂ ਦੀ ਮੌਤੇ ਹਰਸੇਵ ਮਰਿਆ, ਮੈਨੂੰ ਡਰ ਹੈ ਕਿਤੇ ਇਹ ਹੋਣੀ ਇਨ੍ਹਾਂ ਨਾਲ ਨਾ ਵਾਪਰੇ।

ਮੈਂ ਵਿਗਿਆਨ ਨਾਲ ਜੁੜਿਆ ਹੋਇਆ ਹਾਂ। ਮੈਂ ਵਿਗਿਆਨ ਦਾ ਵਿਦਿਆਰਥੀ ਸੀ ਤੇ ਅਧਿਆਪਕ ਵੀ ਵਿਗਿਆਨ ਦਾ ਹਾਂ। ਮੈਂ 1997 ਤੋਂ ਪੰਜਾਬੀ ਵਿੱਚ 'ਵਿਗਿਆਨ ਜੋਤ' ਨਾਂਅ ਦਾ ਦੋ-ਮਾਸਕ ਸਾਇੰਸ ਮੈਗਜ਼ੀਨ ਕੱਢ ਰਿਹਾ ਹਾਂ। ਇਨ੍ਹਾਂ ਕਾਰਨਾਂ ਕਰਕੇ ਮੇਰੀ ਵਿਗਿਆਨ ਦੀਆਂ ਕਹਾਣੀਆਂ ਪੜ੍ਹਨ-ਲਿਖਣ ਵਿੱਚ ਰੁਚੀ ਹੈ। ਇਸੇ ਕਰਨ 'ਖੂਹ ਗਿੜਦਾ ਹੈ', 'ਡਾਇਨਾਸੌਰ' ਅਤੇ 'ਦਿੱਲੀ ਦੇ ਕਿੰਗਰੇ' ਵਿਗਿਆਨ ਗਲਪ ਦੇ ਪ੍ਰਭਾਵ ਵਾਲੀਆਂ ਕਹਾਣੀਆਂ ਹਨ। ਵਿਗਿਆਨਕ ਮਾਹੌਲ ਨਾਲ ਜੁੜੇ ਹੋਣ ਕਾਰਨ ਹੀ ਯੁੱਧਵੀਰ ਸਿੰਘ, ਏ ਪੀ ਸਿੰਘ (ਖੂਹ ਗਿੜਦਾ ਹੈ), ਭਵਨਦੀਪ ਸਿੰਘ, ਪ੍ਰੋ. ਯਸ਼ਪਾਲ ਸ਼ਰਮਾ (ਡਾਇਨਾਸੌਰ) ਅਤੇ ਵਿਗਿਆਨੀ ਜੂਲੀਅਨ ਜਾਰਜ, ਬ੍ਰਿਗੇਡੀਅਰ ਸਰ ਮਈਕਲ ਮਾਰਕੋਨੀ, (ਦਿੱਲੀ ਦੇ ਕਿੰਗਰੇ) ਜਿਹੇ ਪਾਤਰ ਪੰਜਾਬੀ ਕਹਾਣੀ ਨੂੰ ਦੇ ਸਕਿਆ ਹਾਂ।

ਸਮਕਾਲੀ ਕਹਾਣੀ ਦਾ ਰੁਖ ਪਾਤਰ ਨਾਇਕ ਜਾਂ ਨਾਇਕਾ ਵਾਲਾ ਨਹੀਂ ਹੈ। ਪਹਿਲੀਆਂ ਕਹਾਣੀਆਂ ਦੇ ਮੁਕਾਬਲੇ ਹੁਣ ਦੀ ਕਹਾਣੀ ਵਿੱਚ ਨਾਇਕ ਦਾ ਸੰਕਲਪ ਹੀ ਖਤਮ ਹੋ ਗਿਆ ਹੈ। ਹੁਣ ਪਾਤਰਾਂ ਦੀ ਸਧਾਰਨਤਾ, ਦਮਿਤ ਭਰੀ ਹੋਂਦ ਤੇ ਲਤਾੜਾਪਣ ਹੀ ਸਭ ਕੁਝ ਹੈ। ਮੇਰੇ ਪਾਤਰ ਹਾਸ਼ੀਏ ਉੱਤੇ ਵਿਚਰਦੀ ਪੰਜਾਬੀ ਮਾਨਸਿਕਤਾ ਦਾ ਦੁਖਾਂਤ ਭੋਗਣ ਵਾਲੇ ਹਨ। ਮੇਰੀ ਰੁਚੀ ਕੇਂਦਰੀ ਸਪੇਸ ਤੋਂ ਹਾਸ਼ੀਏ ਉੱਤੇ ਧਕੇਲੇ ਹੋਏ ਪੰਜਾਬੀ ਸੱਭਿਆਚਾਰਾਂ, ਮਨੁੱਖਾਂ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ ਅਤੇ ਗਲਪ ਬਿੰਬ ਵਿੱਚ ਢਾਲਣ 'ਚ ਹੈ। ਮੇਰੇ ਪਾਤਰ ਆਰਥਿਕ ਖੱਪੇ ਸਹਿਣ ਵਾਲੇ ਵੀ ਹਨ ਅਤੇ ਬਲਦੇ ਮੱਥੇ ਵਾਲੇ ਵੀ। ਮੇਰੇ ਪਾਤਰ ਸਥਾਪਤੀ ਦੀ ਬਣਾਈ ਦ੍ਰਿਸ਼ਟੀ ਨੂੰ ਚਲਾ ਕੇ ਮਾਰਦੇ ਹਨ ਅਤੇ ਮਨਿਉਰਿਟੀਜ਼ ਦੀ ਦ੍ਰਿਸ਼ਟੀ ਲੈ ਕੇ ਆਉਂਦੇ ਹਨ। ਮੇਰੇ ਪਾਤਰ ਆਪਣੀ ਅਸੰਤੁਸ਼ਟਤਾ ਖਲਨਾਇਕੀ ਪਾਤਰਾਂ ਵਿੱਚੋਂ ਲੱਭਣ ਦੀ ਬਜਾਏ ਸਮਾਜਕ ਤੇ ਰਾਜਨੀਤਕ ਵਿਵਸਥਾ ਵਿੱਚੋਂ ਵੀ ਲੱਭਦੇ ਹਨ। ਮੇਰੀਆਂ ਕਹਾਣੀਆਂ ਦੇ ਪਾਤਰਾਂ ਦਾ ਜਿੰਨਾ ਦਮ ਘੁੱਟਦਾ ਹੈ, ਇਹ ਪਾਠਕਾਂ ਦੇ ਮਨੋ-ਦ੍ਰਿਸ਼ਾਂ 'ਤੇ ਓਨੇ ਹੀ ਉਭਰਦੇ ਹਨ। ਇਹ ਪਾਤਰ ਆਪਣੀ ਹੋਣੀ ਭੋਗ ਰਹੇ ਹਨ, ਕਿਸੇ ਆਦਰਸ਼ਵਾਦ (ਅਖੌਤੀ ਕਿਸਮ ਦੇ) ਦੀ ਪੈਰਵਾਈ ਨਹੀਂ ਕਰਦੇ, ਸਗੋਂ ਤਲਖ ਕਿਸਮ ਦੇ ਯਥਾਰਥ ਨਾਲ ਖਹਿੰਦੇ ਹਨ। ਅਜਿਹੇ ਪਾਤਰ ਹੀ ਸੁਰਜੀਤ ਰਹਿ ਸਕਦੇ ਹਨ, ਇਹ ਪਾਤਰ ਸਮਕਾਲੀ ਦੌਰ ਦੀ ਅਸਲੀਅਤ ਦੇ ਹਾਣੀ ਹਨ।

ਮੈਂ ਬਹੁਤ ਘੱਟ ਕਾਲਪਨਿਕ ਪਾਤਰ ਲਏ ਹਨ। ਥੋੜ੍ਹੀ ਬਹੁਤੀ ਮਰੋੜੀ ਜ਼ਰੂਰ ਦੇਣੀ ਪੈਂਦੀ ਹੈ। ਉਂਞ ਮੇਰੇ ਆਲੇ-ਦੁਆਲੇ, ਆਂਢ-ਗੁਆਂਢ, ਵਿਚਾਰਧਾਰਾ ਵਾਲੇ ਮੈਂ ਪੇਸ਼ੇ ਵਿੱਚੋਂ ਵੀ ਪਾਤਰ ਲਏ ਹਨ। ਮੇਰੀਆਂ ਕਹਾਣੀਆਂ ਮੇਰੀ ਨਿੱਜੀ ਜ਼ਿੰਦਗੀ ਦੀ ਪਰਿਕਰਮਾ ਵੀ ਹੈ ਅਤੇ ਪਾਤਰ ਵੀ ਨਿੱਜੀ ਜ਼ਿੰਦਗੀ ਵਿੱਚ ਨੇੜਤਾ ਰੱਖਣ ਵਾਲੇ ਲੋਕ ਹੀ ਹਨ। ਮੈਂ ਪਿੰਡਾਂ ਵਿੱਚ ਜੰਮਿਆ-ਪਲਿਆ, ਸ਼ਹਿਰਾਂ ਵਿੱਚ ਪੜ੍ਹਿਆ ਅਤੇ ਅੱਜਕੱਲ੍ਹ ਸ਼ਹਿਰ ਵਿੱਚ ਹੀ ਰਹਿਣ ਬਸੇਰਾ ਹੈ, ਪਰ ਅਧਿਆਪਨ ਦੀ ਨੌਕਰੀ ਪਿੰਡ ਵਿੱਚ ਹੀ ਕਰਦਾ ਹਾਂ। ਇਸ ਕਾਰਨ ਮੇਰੇ ਪਾਤਰ ਪੇਂਡੂ ਵੀ ਹਨ ਤੇ ਸ਼ਹਿਰੀ ਵੀ। ਕਿਸਾਨੀ ਜੀਵਨ ਵਾਲੇ ਵੀ, ਦਲਿਤ ਵੀ, ਮੁਲਾਜ਼ਮ ਵੀ ਅਤੇ ਹੋਰ ਕਿੱਤਿਆਂ ਵਾਲੇ ਵੀ ਹਨ। ਮੇਰੇ ਪਾਤਰ ਵੱਖ-ਵੱਖ ਜਾਤਾਂ ਅਤੇ ਜਮਾਤਾਂ ਵਿੱਚੋਂ ਹਨ। ਇਹ ਧਾਰਮਿਕ ਵੀ ਹਨ, ਵਿਗਿਆਨਕ ਵੀ ਹਨ ਅਤੇ ਰਾਜਨੀਤਕ ਵੀ ਹਨ। ਮੇਰੀ ਸਾਹਿਤ ਰਚਨਾ ਦਾ ਮੰਤਵ ਮਨੁੱਖੀ ਆਜ਼ਾਦੀ ਹੈ। ਇਸੇ ਕਾਰਨ ਮੇਰੇ ਪਾਤਰਾਂ ਅੰਦਰ ਮੌਜੂਦਾ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਪ੍ਰਸਥਿਤੀਆਂ ਦੀ ਸਥਾਪਨਾ ਵੱਲ ਅਵਿਸ਼ਵਾਸ ਹੈ।